# ਗਲੇਜ਼ੀਅਰ



## ਇਸ ਕਿੱਤੇ ਬਾਰੇ

ਗਲੇਜ਼ੀਅਰ ਕਮਰਸ਼ੀਅਲ ਅਤੇ ਰਿਹਾਇਸ਼ੀ ਖਿੜਕੀਆਂ, ਦਰਵਾਜ਼ਿਆਂ ਅਤੇ ਦਾਖਲ ਹੋਣ ਲਈ ਲਾਂਘਿਆਂ ਦੇ ਸਿਸਟਮ ਬਣਾਉਂਦੇ, ਇਨਸਟਾਲ ਕਰਦੇ ਅਤੇ ਰਿਪੇਅਰ ਕਰਦੇ ਹਨ। ਉਹ ਕਨਸਟਰੱਕਸ਼ਨ ਗਲਾਸ ਇਨਸਟਾਲੇਸ਼ਨ ਕੌਂਟਰੈਕਟਰਾਂ, ਇਨਟੀਰੀਅਰ ਡਿਜ਼ਾਇਨ ਅਤੇ ਆਰਕੀਟੈਕਚਰਲ ਫਰਮਾਂ ਅਤੇ ਗਲਾਸ ਫੈਬਰੀਕੇਸ਼ਨ ਸ਼ਾਪਾਂ ਨਾਲ ਕੰਮ ਕਰ ਸਕਦੇ ਹਨ। ਗਲੇਜ਼ੀਅਰਾਂ ਦੀ ਸਦਾ ਮੰਗ ਰਹਿੰਦੀ ਹੈ।

"ਮੇਰੇ ਕੋਲ ਸਥਿਰ ਕਿੱਤਾ ਅਤੇ ਪੱਕਾ ਕੰਮ ਹੈ ਜਿਹੜੇ ਮੈਂ ਲੱਭ ਰਿਹਾ ਸੀ। ਰਿਪੇਅਰ ਦੇ ਕੰਮ ਦੀ ਵੀ ਸਦਾ ਲੋੜ ਰਹਿੰਦੀ ਹੈ।"

**$20.00-$36.00 /ਪ੍ਰਤੀ ਘੰਟਾ**

*2020 ਦੇ ਰੇਟ

**ਅਨੁਮਾਨਤ ਵਾਧਾ (ਕਨਸਟਰੱਕਸ਼ਨ ਲੇਬਰ ਫੋਰਸ)**

2020 ਦੇ ਮੁਕਾਬਲੇ ਦਹਾਕੇ ਦੌਰਾਨ 10%

*BuildForce Canada*

- ✓ ਤੁਸੀਂ ਕ੍ਰੀਏਟਿਵ ਹੋ।
- ✓ ਤੁਸੀਂ ਆਪਣੇ ਹੱਥਾਂ ਨਾਲ ਕੰਮ ਕਰਨਾ ਪਸੰਦ ਕਰਦੇ ਹੋ।
- ✓ ਤੁਸੀਂ ਫੁਰਤੀਲੇ ਹੋ ਅਤੇ ਸਰੀਰਕ ਤੌਰ `ਤੇ ਤੰਦਰੁਸਤ ਹੋ।

## ਜ਼ਿੰਮੇਵਾਰੀਆਂ

- ਡਰਾਇੰਗਜ਼ ਅਤੇ ਵੇਰਵਿਆਂ ਨੂੰ ਪੜ੍ਹਨਾ ਅਤੇ ਸਮਝਣਾ
- ਗਲਾਸ ਪੇਨਜ਼, ਵਿੰਡੋ ਦੇ ਹਿੱਸਿਆਂ ਅਤੇ ਆਕਰੀਟੈਕਚਰਲ ਧਾਤਾਂ ਨੂੰ ਮਿਣਨਾ, ਕੱਟਣਾ, ਫਿੱਟ ਕਰਨਾ, ਇਨਸਟਾਲ ਕਰਨਾ ਅਤੇ/ਜਾਂ ਸੁਰੱਖਿਅਤ ਕਰਨਾ
- ਪਹਿਲਾਂ ਹੀ ਬਣੇ ਹੋਏ ਗਲਾਸ ਯੂਨਿਟ ਦੇ ਹਿੱਸਿਆਂ ਨੂੰ ਜੋੜਨਾ ਜਿਵੇਂ ਕਿ ਘੁੰਮਦੇ ਦਰਵਾਜ਼ੇ, ਸਕਾਈ ਲਾਈਟਾਂ ਅਤੇ ਪਰਦੇ ਦੀਆਂ ਕੰਧਾਂ
- ਕੰਧਾਂ, ਸੀਲਿੰਗਜ਼ ਅਤੇ ਹੈਂਡਰੇਲਜ਼ `ਤੇ ਗਲਾਸ ਦੀਆਂ ਵਸਤਾਂ ਇਨਸਟਾਲ ਕਰਨਾ ਅਤੇ ਇਨ੍ਹਾਂ ਦੀ ਸੰਭਾਲ ਕਰਨਾ
- ਫਰਨੀਚਰ ਅਤੇ ਹੋਰ ਵਸਤਾਂ ਵਿਚ ਖਿੜਕੀਆਂ ਅਤੇ ਗਲਾਸ ਨੂੰ ਬਦਲਣਾ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

**ਹਾਈ ਸਕੂਲ (ਸਿਫਾਰਸ਼ ਕੀਤੀਆਂ ਜਾਂਦੀਆਂ ਸ਼ਰਤਾਂ):**

- ਗਰੇਡ 12 ਦੀ ਸਿਫਾਰਸ਼

**ਅਪਰੈਂਟਿਸਸ਼ਿਪ ਪ੍ਰੋਗਰਾਮ:**

4 ਸਾਲ ਦੀ ਟਰੇਨਿੰਗ, ਜਿਸ ਵਿਚ 6,400 ਘੰਟਿਆਂ ਦੀ ਕੰਮ `ਤੇ ਆਧਾਰਿਤ ਟਰੇਨਿੰਗ ਅਤੇ 540 ਘੰਟਿਆਂ ਦੀ ਟੈਕਨੀਕਲ ਟਰੇਨਿੰਗ ਅਤੇ ਇਮਤਿਹਾਨ ਸ਼ਾਮਲ ਹਨ। ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਜਰਨੀਪਰਸਨ ਸਰਟੀਫਿਕੇਟ ਦਿੱਤਾ ਜਾਂਦਾ ਹੈ। ਅਪਰੈਂਟਿਸ ਦੇ ਤੌਰ `ਤੇ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ।

### ਮੁੱਖ ਹੁਨਰ ਅਤੇ ਗੁਣ

(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ ਕਰਨ, ਪੜ੍ਹਨ ਅਤੇ ਲਿਖਣ ਦੇ ਵਧੀਆ ਹੁਨਰ
- ਹਿਸਾਬ ਅਤੇ ਸਮੱਸਿਆ ਦਾ ਹੱਲ ਕਰਨ ਦੇ ਵਧੀਆ ਹੁਨਰ
- ਸਰੀਰਕ ਤੰਦਰੁਸਤੀ, ਸ਼ਕਤੀ ਅਤੇ 25 ਕਿਲੋਗ੍ਰਾਮ ਭਾਰ ਚੁੱਕਣ ਦੀ ਸਮਰੱਥਾ
- ਚੰਗੀ ਨਿਗ੍ਹਾ
- ਹੱਥਾਂ ਦੀ ਫੁਰਤੀ
- ਇਕੱਲੇ ਅਤੇ ਟੀਮ ਨਾਲ ਕੰਮ ਕਰਨ ਦੀ ਸਮਰੱਥਾ
- ਉਚਾਈਆਂ `ਤੇ ਕੰਮ ਕਰਨ ਦੀ ਸਮਰੱਥਾ

College of the BC Building Trades

**ਕੀ ਤੁਹਾਨੂੰ ਪਤਾ ਸੀ?**

ਤੁਸੀਂ ਤਕਰੀਬਨ ਜਿਧਰ ਵੀ ਦੇਖਦੇ ਹੋ, ਉਧਰ ਗਲਾਸ ਹੈ – ਬਿਲਡਿੰਗਾਂ ਵਿਚ, ਟੇਬਲਾਂ ਦੇ ਉੱਪਰ... ਇਸ ਕਰਕੇ, ਉਨ੍ਹਾਂ ਲੋਕਾਂ ਦੀ ਸਦਾ ਲੋੜ ਹੈ ਜਿਹੜੇ ਗਲਾਸ ਨਾਲ ਕੰਮ ਕਰਨ ਵਿਚ ਮੁਹਾਰਤ ਰੱਖਦੇ ਹਨ!

info@collegeofthebcbt.ca | www.collegeofthebcbt.ca